ਕੁੱਤੇ ਦਾ ਵਢਣਾ ਬਨਾਮ ਮਿਰਚਾਂ ਦਾ ਟੂਣਾ

ਕੁੱਤਾ ਮਨੁੱਖ ਦਾ ਹੁਮੇਸ਼ਾ ਵਫ਼ਾਦਾਰ ਸਾਥੀ ਰਿਹਾ ਹੈ। ਸ਼ਾਇਦ ਇਸ ਕਰ ਕੇ ਹੀ ਇਸ ਦੀ ਤੁਲਨਾ ਉਸ ਦਰਵੇਸ਼ ਨਾਲ ਕੀਤੀ ਜਾਂਦੀ ਹੈ ਜੋ ਹੁਮੇਸ਼ਾ ਹੀ ਦੂਜਿਆਂ ਦਾ ਭਲਾ ਸੋਚਦਾ ਹੈ। ਅਪਣੇ ਮਾਲਕ ਦੀ ਜਾਨ-ਮਾਲ ਦੀ ਰਾਖੀ ਕਰਨ ਦੇ ਕਈ ਕਿੱਸੇ ਦਰਵੇਸ਼ ਰੂਪੀ ਇਸ ਜਾਨਵਰ ਨਾਲ ਜੁੜੇ ਹੋਏ ਹਨ ਜਦੋਂ ਇਸ ਨੇ ਅਪਣੇ ਮਾਲਕ ਨੂੰ ਬਚਾਉਣ ਲਹਿਰਾਂ, ਅਪਣੀ ਜਾਨ ਦੀ ਪਰਵਾਹ ਵੀ ਨਾ ਕੀਤੀ। ਅਣਪਛਾਤੇ ਵਿਅਕਤੀ ਨੂੰ ਵੇਖ ਕੇ ਇਹ ਉੱਚੀ ਉੱਚੀ ਭੌਂਕ ਕੇ ਆਲੇ-ਦੁਆਲੇ ਨੂੰ ਸੁਚੇਤ ਵੀ ਕਰਦਾ ਹੈ ਅਤੇ ਕਈ ਵਾਰ ਵੇਢਣ ਤਕ ਵੀ ਚਲਾ ਜਾਂਦਾ ਹੈ।

ਇਸ ਜਾਨਵਰ ਦੀ ਇਕ ਤ੍ਰਾਸਦੀ ਵੀ ਹੈ ਕਿ ਇਹ ਹਲਕਾਅ ਰੋਗ ਦਾ ਸ਼ਿਕਾਰ ਵੀ ਹ�ो ਜਾਂਦਾ ਹੈ। ਫਿਰ ਹਲਕਾਏ ਕੁੱਤੇ ਦੇ ਵੇਢਣ ਨਾਲ ਮਨੁੱਖ ਵਿਚ ਹਲਕਾਅ ਰੋਗ ਦੇ ਲੱਛਣ ਪੈਦਾ ਹੋਣ ਦੀ ਸੰਭਾਵਨਾ ਵੀ ਬਣ ਸਕਦੀ ਹੈ।

ਵੇਢਣ ਵਿਚ ਆਇਆ ਹੈ ਕਿ ਜਦ ਕੋਈ ਵੀ ਕੁੱਤਾ ਵਢਦਾ ਹੈ ਤਾਂ ਅਸੀ ਟੂਣੇ ਵਜੋਂ ਜ਼ਖ਼ਮ ਉਪਰ ਮਿਰਚਾਂ ਲਗਾ ਦਿੰਦੇ ਹਾਂ ਜਾਂ ਫਿਰ ਟੂਣੇ-ਟਾਮਣ ਕਰਨ ਵਾਲੇ ਮਾਂਦਰੀ ਕੋਲ ਪਹੁੰਚ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਬਹੁਤੇ ਕੇਸਾਂ ਵਿਚ ਕੁੱਤੇ ਹਲਕਾਏ ਹੀ ਨਹੀਂ ਹੁੰਦੇ ਜਿਸ ਕਰ ਕੇ ਹਲਕਾਅ ਰੋਗ ਨਹੀਂ ਹੁੰਦਾ ਤੇ ਸਾਡੇ ਮਨ ਵਿਚ ਇਹ ਵਿਸ਼ਵਾਸ ਪੱਕਾ ਘਰ ਕਰ ਜਾਂਦਾ ਹੈ ਕਿ ਮਿਰਚਾਂ ਲਾਉਣ ਜਾਂ ਫਿਰ ਮਾਂਦਰੀ ਦੇ ਭਾਫ਼ੇ ਫਾੜੇ ਕਰ ਕੇ, ਰੋਗ ਨਹੀਂ ਲੈਂਗਾ। ਪਰ ਹਲਕਾਏ ਕੁੱਤੇ ਦੇ ਵੇਢਣ 'ਤੇ ਕੋਈ ਟੂਣਾ-ਟਾਮਣ ਕੰਮ ਨਹੀਂ ਕਰਦਾ। ਸਮਾਂ ਪਾ ਕੇ, ਹਲਕਾਅ ਦੇ ਵਿਸ਼ਾਣੂ ਜਦ ਦਿਮਾਗ਼ ਤਕ ਪਹੁੰਚ ਜਾਣ ਤਾਂ ਫਿਰ ਇਸ ਦਾ ਇਲਾਜ ਅਜੇ ਤਕ ਸੰਭਵ ਨਹੀਂ ਹੋ ਸਕਿਆ ਪਰ ਇਨ੍ਹਾਂ ਦਾ ਦਿਮਾਗ਼ ਤੇ ਹਮਲਾ ਹੋਣ ਤੋਂ ਪਹਿਲਾਂ ਪਹਿਲਾਂ ਵਿਗਿਆਨਕ ਢੰਗ ਨਾਲ ਸਹੀ ਇਲਾਜ ਕਰ ਲਿਆ ਜਾਵੇ ਤਾਂ ਹਲਕਾਅ ਤੋਂ ਬਚਿਆ ਜਾ ਸਕਦਾ ਹੈ।

ਇਥੇ ਵਰਨਣਯੋਗ ਹੈ ਕਿ ਹਲਕਾਅ ਦੇ ਵਿਸ਼ਾਣੂ ਮੂਲ ਰਾਹੀਂ ਨਹੀਂ ਸਗੋਂ ਨਸਾਂ/ਨਾੜਾਂ ਰਾਹੀਂ ਹੀ ਦਿਮਾਗ਼ ਤਕ ਪਹੁੰਚਦੇ ਹਨ। ਹਲਕਾਏ ਕੁੱਤੇ ਦੇ ਵੇਢਣ 'ਤੇ ਹੋਰੋ ਜ਼ਖ਼ਮ ਉਤੇ ਮਿਰਚਾਂ ਲਾਉਣ ਨਾਲ ਜ਼ਖ਼ਮ ਵਿਚ ਚੀਸ ਵਧੇਗੀ, ਜਿਸ ਨਾਲ ਨਸਾਂ 'ਚ ਵਲ ਤੇਜ਼ ਰਫ਼ਤਾਰ ਨਾਲ ਵਧਣਾ ਸ਼ੁਰੂ ਕਰ ਸਕਦੇ ਹਨ, ਜੋ ਇਸ ਮਾਰੂ ਰੋਗ ਦਾ ਆਧਾਰ ਹੈ।

ਉਰੇਜਨਾ ਪੈਦਾ ਹੋਵੇਗੀ, ਨਸਾਂ ਹੋਰ ਖੁੱਲ੍ਹ ਜਾਣਗੀਆਂ ਤੇ ਇਹ ਵਿਸ਼ਾਣੂ ਇਨ੍ਹਾਂ ਵਿਚ ਆਸਾਨੀ ਨਾਲ ਦਾਖ਼ਲ ਹੋ ਕੇ ਦਿਮਾਗ਼ ਤਕ ਪਹੁੰਚ ਜਾਣਗੇ। ਇਸ ਤਰ੍ਹਾਂ ਹਲਕਾਅ ਰੋਗ ਲਗ ਜਾਣ ਦੇ ਖ਼ਦਸ਼ੇ ਨੂੰ ਨਕਾਰਿਆ ਜਾ ਸਕਦਾ ਹੈ।

ਸੋ ਜੇ ਕਿਤੇ ਅਜਿਹੀ ਸਥਿਤੀ ਪੈਦਾ ਹੋ ਜਾਵੇ, ਜਾਵੇ ਕੋਈ ਵੀ ਕੁੱਤਾ ਵੱਢ ਜਾਵੇ ਤਾਂ ਸਿਰ ਤੋਂ ਪਹਿਲਾਂ ਜ਼ਖ਼ਮ ਨੂੰ ਸਾਬਣ ਨਾਲ ਪੱਸ ਦਸ ਮਿਟ ਤਕ ਖੁੱਲ੍ਹੇ ਪਾਣੀ ਨਾਲ ਧੋਇਆ ਜਾਣਾ ਚਾਹੀਦਾ ਹੈ। ਇਸ ਨਾਲ 80 ਤੋਂ 90 ਭੀ ਸਦੀ ਤਕ ਕੀਟਾਣੂ ਜ਼ਖ਼ਮ ਤੋਂ ਧੋਤੇ ਜਾਂਦੇ ਹਨ ਤੇ ਪਾਣੀ ਦੀ ਠੇਕਵ ਨਾਲ ਨਸਾਂ ਲਗਪਗ ਥੇਹ ਹੀ ਰਹਿਦੀਆਂ ਹਨ ਜਿਸ ਕਰ ਕੇ ਕੁਝ ਕੀਤੇ ਗਏ ਕੀਟਾਣੂਆਂ ਲਈ ਨਸਾਂ 'ਚ ਪ੍ਰਵੇਸ਼ ਕਰਨਾ ਵੀ ਕੁਝ ਔਖਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਬੀਟਾਡੀਨ, ਟਿਚਰ ਆਇਉਡੀਨ, ਸੈਵਲੋਨ ਤੇ ਡਿਟੋਲ ਆਦਿ ਲਾਉਣ ਨਾਲ ਵੀ ਕੁੱਝ ਪੈਦ ਤਕ ਕੀਟਾਣੂਆਂ ਦਾ ਖ਼ਾਤਮਾ ਕਰਨ ਵਿਚ ਮਦਦ ਮਿਲ ਸਕਦੀ ਹੈ। ਇਸ ਦੇ ਨਾਲ ਨਾਲ ਯੋਗ ਡਾਕਟਰੀ ਸਹਾਇਤਾ ਵੀ ਲੈਣੀ ਚਾਹੀਦੀ ਹੈ। ਜੇ ਸੜਕ ਹੋਵੇ ਤਾਂ ਵੇਢਣ ਵਾਲੇ ਕੁੱਤੇ ਦੀ ਦਸ ਬਾਰਾ ਦਿਨਾਂ ਤਕ ਨਿਗਰਾਨੀ ਰਖਣੀ ਚਾਹੀਦੀ ਹੈ। ਜੇਕਰ ਉਕਤ ਕੁੱਤਾ ਠੀਕ ਠਾਕ ਹਾਲਤ ਵਿਚ ਹੀ ਰਹਿਦਾ ਹੈ ਭਾਵ ਮਰਦਾ ਨਹੀਂ ਤਾਂ ਉਹ ਹਲਕਾਇਆ ਨਹੀਂ ਹੋਵੇਗਾ ਸਗੋਂ ਹਲਕਾਅ ਪੁਤੀ ਵਧਿਆ-ਗਰਮ ਦਿਲ ਦਿਮਾਗ਼ 'ਚੋਂ ਕੌਝ ਕੇ ਮੁਕਤ ਹੋ ਜਾਣਾ ਚਾਹੀਦਾ ਹੈ ਪਰ ਸੰਕਰ ਫਿਰ ਵੀ ਸੰਕਾ ਹੋਵੇ ਜਾਂ ਉਕਤ ਸਮੇਂ 'ਚ ਕੁੱਤਾ ਮਰ ਜਾਏ ਤਾਂ ਤੁਰਤ ਹਲਕਾਅ ਰੋਕੂ ਟੀਕਾਕਰਨ ਕਰਵਾ ਲੈਣਾ ਚਾਹੀਦਾ ਹੈ। ਪਹਿਲਾਂ ਪਹਿਲਾ ਟੀਕਾਕਰਨ ਬੜਾ ਦੁਖਦਾਈ ਹੁੰਦਾ ਸੀ ਕਿਉਂਕਿ ਇਹ ਟੀਕੇ ਵਧੇਰੇ ਕਰ ਕੇ ਪੁੰਨੀ ਦੁਆਲੇ ਹੀ ਲਾਏ ਜਾਂਦੇ ਸਨ ਪਰ ਹੁਣ ਆਧੁਨਿਕ ਤਕਨੀਕ ਨਾਲ ਬਣੇ ਟੀਕੇ ਕੀ ਬਾਜ਼ਾਰ ਵਿਚ ਆ ਚੁੱਕੇ ਹਨ ਜੋ ਪੁੰਨੀ ਦੀ ਥਾਂ ਮੋਢੇ/ਡੌਲੇ 'ਤੇ ਲਗਾਏ ਜਾਂਦੇ ਹਨ ਜੋ ਆਮ ਟੀਕਿਆਂ ਵਾਂਗ ਮਾਡੇ ਸਹੇ ਹੀ ਦੁਖਦਾਈ ਹੁੰਦੇ ਹਨ।

- ਮਾ. ਲਖਵਿਦਰ ਸਿੰਘ
ਰਈਆ ਹਵੇਲੀਆਣਾ, ਜ਼ਿਲ੍ਹਾ ਅੰਮ੍ਰਿਤਸਰ।

'ਟੁੱਟੀਆਂ ਸੜਕਾਂ ਨੂੰ ਸਵਰਗ ਬਣਾਵਾਂਗੇ'

ਵਿਅੰਗ

ਭਾਰਤ ਇਕ ਕਲਿਆਣਕਾਰੀ ਦੇਸ਼ ਹੈ। ਸੰਭ ਦਾ ਕਲਿਆਣ ਕਰਨਾ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ। ਲੋਕਾਂ ਕੋਲ ਅਧਿਕਾਰ ਹਨ ਪਰ ਇਹ ਵਖਰੀ ਗੱਲ ਹੈ ਕਿ ਕੁੱਝ ਲੋਕ ਅਪਣੇ ਅਧਿਕਾਰ ਵਰਤ ਲੈਂਦੇ ਹਨ ਅਤੇ ਬਾਕੀ ਵੇਖਦੇ ਰਹਿ ਜਾਂਦੇ ਹਨ। ਫਿਰ ਵਾਰ ਵਾਰ ਸਾਡੇ ਦਿਲ ਨੂੰ ਇਕ ਲੋਕ-ਗੀਤ ਦਾ ਟੋਪਾ ਝੰਜੋੜਦਾ ਹੈ :

"ਬਾਜ਼ੀ ਮਾਰ ਗਿਆ ਬਰਿੰਡਾਂ ਵਾਲਾ ਗਭਰੂ,
ਬਾਕੀ ਰਹਿ ਗਏ ਹਾਲ ਪੁਛਦੇ!"

ਸ਼ੁਰੂ ਤੋਂ ਲੋਕ ਸੜਕਾਂ ਦੀ ਕਰੀਏ। ਲੋਕ ਕਹਿੰਦੇ ਨੇ ਸੜਕਾਂ ਬਣਾਉ। ਅਖ਼ੇ ਸੜਕਾਂ ਟੁੱਟੀਆਂ ਹੋਈਆਂ ਨੇ। ਕੁਲ ਐਨੀ ਕਾਹਲ ਕਾਹਦੀ ਹੈ, ਲੋਕੋ! ਦੇਸ਼ ਨੂੰ ਆਜ਼ਾਦ ਹੋਇਆਂ 66 ਵਰ੍ਹੇ ਬੀਤ ਗਏ ਹਨ। ਅਜੇ ਤਕ ਤਾਂ ਸੜਕਾਂ ਸੰਵਰੀਆਂ ਨਹੀਂ, ਅਜੇ ਤਕ ਤਾਂ ਸਰਕਾਰ ਨੇ ਕਾਹਲ ਨਹੀਂ ਕੀਤੀ, ਨਾ ਹੀ ਲੋਕਾਂ ਨੇ ਕੋਈ ਗੱਜ-ਵੱਜ ਕੇ ਰੋਲਾ ਪਾਇਐ ਪਰ ਹੁਣ ਇਕਦੰਮ ਕੀ ਆਫ਼ਤ ਆ ਗਈ? ਉਜ ਲੋਕ ਰੋਲਾ ਪਾਉਣ ਵੀ ਕਿਵੇਂ? ਲੋਕ ਕਰਨ ਵੀ ਕੀ? ਲੋਕ ਰੋਲਾ ਪਾਉਂਦੇ ਨੇ ਤਾਂ ਪੁਲਿਸ ਦੀਆਂ ਡਾਂਗਾਂ (ਕਈ ਵਾਰੀ ਗੋਲੀਆਂ ਭਾਵੇਂ ਅਖ਼ਬਾਰ ਗੰਜ ਦੀਆਂ ਹੀ ਕਿਉਂ ਨਾ ਹੋਣ?) ਦਾ ਮੀਹ ਉਨ੍ਹਾਂ ਨੂੰ ਜ਼ਖ਼ਮੀ ਅਤੇ ਕਾਨੜੇ ਕਰ ਦੇਂਦਾ ਹੈ। ਜਿਹੜੇ ਟੁਰੇ ਫਿਰਦੇ ਨੇ, ਉਸ ਖੁਣੇ ਵੀ ਜਾਂਦੇ ਨੇ। ਉਜ ਵੀ ਸੜਕਾਂ ਟੁੱਟੀਆਂ ਹਨ, ਤਾਂ ਕੀ ਹੈ? ਗ਼ਰੀਬ ਲੋਕਾਂ ਨੂੰ ਅੱਗੇ ਕਿਹੜਾ ਕੋਈ ਪੁਛਦਾ ਹੈ? ਅਮੀਰਾਂ ਦੀ ਹੀ ਸੁਣੀ ਜਾਣੀ ਹੈ ਕਿਉਂਕਿ ਇਹ ਨੇਤਾ, ਜਿਨ੍ਹਾਂ ਨੇ ਸੜਕਾਂ ਬਣਾਉਣੀਆਂ ਹਨ, ਉਹ ਵੀ ਅਮੀਰਾਂ ਤੋਂ ਪੈਸੇ ਲੈ ਕੇ ਗ਼ਰੀਬਾਂ ਵਿਚ ਵੰਡਦੇ ਹਨ। ਨੋਟ ਵੰਡ ਕੇ ਵੋਟਾਂ ਖ਼ਰੀਦਦੇ ਹਨ। ਸ਼ਰਾਬ ਵੰਡ ਕੇ, ਬਬਾਲ ਦੇ ਦਰਸ਼ਨ ਕਰਵਾ ਕੇ (ਹੋਮਾ ਮਾਲਿਨੀ, ਮਲਿਕਾ ਸ਼ੇਰਾਵਤ ਜਾਂ ਜਿਮੀਤਾ ਇਰਾਨੀ ਵਰਗੀਆਂ ਨੂੰ, ਚੋਣਾਂ ਦੌਰਾਨ ਸਟੇਜਾਂ 'ਤੇ ਪੇਸ਼ ਕਰ ਕੇ), ਕਬਾਬ ਖਵਾ ਕੇ ਜਿੱਤ ਹਾਸਲ ਕਰਦੇ ਹਨ। ਜੋ ਕਿਤੇ ਇਹ ਅਮੀਰ ਚੋਣ ਫੰਡ ਨਾ ਦਾਨ ਤਾਂ ਫਿਰ ਗ਼ਰੀਬਾਂ ਨੂੰ ਕਿਵੇਂ ਲਲਚਾਇਆ ਜਾਵੇਗਾ? ਤਾਂ ਹੀ, ਹੱਕ ਵੀ ਅਮੀਰਾਂ ਨੇ ਹੀ ਹਾਸਲ ਕਰਨੇ ਹਨ, ਗ਼ਰੀਬਾਂ ਨੇ ਨਹੀਂ। ਇਹ ਤਾਂ ਮੰਨਦੇ ਹੋ ਨਾ ਕਿ ਨਹੀਂ? ਮੰਨਦੇ ਹੋਵੋਗੇ ਤਾਂ ਹੀ ਤਾਂ ਮੁਸ਼ੰਸ਼ ਹੋ।

ਪਿਛਲੇ ਸਾਲ ਸਾਡੇ ਇਲਾਕੇ ਦੇ ਵਿਧਾਇਕ ਨੇ ਵਾਅਦਾ ਕੀਤਾ ਸੀ ਕਿ ਉਹ ਜਿੱਤਣ ਤੋਂ ਬਾਅਦ ਸੜਕਾਂ ਨੂੰ ਸਵਰਗ ਬਣਾ ਦੇਵੇਗਾ ਅਤੇ ਹੁਣ ਉਹ ਲਾਲ ਬੱਤੀ ਲੈ ਕੇ ਕਾਲੇ ਸ਼ੀਸ਼ਿਆਂ ਵਾਲੀ ਗੱਡੀ ਵਿਚ ਲੁਕ ਕੇ ਬੈਠ ਜਾਂਦਾ ਹੈ। ਜੇਕਰ ਭੁੱਲ-ਭੁਲੇਖੇ ਕਿਸੇ ਵੋਟਰ ਨੂੰ ਉਸ ਦੇ ਦਰਸ਼ਨ ਹੋ ਜਾਣ ਤੇ ਕੋਈ ਪੁੱਛ ਲਵੇ ਕਿ ਸੜਕਾਂ ਨੂੰ ਸਵਰਗ ਬਨਾਉਣ ਦਾ ਵਾਅਦਾ ਵਫ਼ਾ ਕਿਉਂ ਨਹੀਂ ਹੋਇਆ ਤਾਂ ਉਹ ਬਹਾਨੇ ਮਾਰ ਕੇ ਘੰਸਲ ਵੰਟਣ ਨੂੰ ਪਹਿਲ ਦੇਂਦਾ ਹੈ। ਪਿਛਲੇ ਦਿਨੀਂ ਉਸ ਨੂੰ ਇਕ ਜਰਗਰਤੇ ਵਿਚ ਹਾਜ਼ਰੀ ਲਵਾਉਣੀ ਪਈ ਤਾਂ ਇਕ ਵੋਟਰ ਸਟੇਜ 'ਤੇ ਹੀ ਜਾ ਚੜਿਆ ਤੇ ਵਿਧਾਇਕ ਨੂੰ ਪੁੱਛਣ ਲਗਾ ਟੁੱਟੀਆਂ ਸੜਕਾਂ ਨੂੰ ਸਵਰਗ ਬਣਾਉਣ ਬਾਰੇ। ਪੁਣ ਗਾਣ ਦਾ ਵੇਲਾ ਸੀ ਅਤੇ ਵਿਧਾਇਕ ਜੀ ਨੇ ਖਾਧੀ ਪੀਤੀ ਲਗਦੀ ਸੀ। ਉਹ ਬੋਲੇ, "ਵੇਖ, ਮੈਂ ਸੜਕਾਂ ਨੂੰ ਸਵਰਗ ਬਨਾਉਣ ਦੀ ਗੱਲ ਕੀਤੀ ਸੀ ਤੇ ਸੜਕ, ਸੜਕ ਤੋਂ ਸਵਰਗ ਬਣ ਗਈ ਹੈ। ਅੱਗੇ ਲੋਕ ਬੀਮਾਰ ਹੋ ਕੇ ਮਰਦੇ ਸਨ ਪਰ ਹੁਣ ਤਾਂ ਸੜਕ 'ਤੇ ਹੀ ਹਾਲਾਂ ਵਿਚ ਮਰ ਜਾਂਦੇ ਹਨ। ਜਦੋਂ ਦਾ ਮੈਂ ਵਿਧਾਇਕ ਬਣਿਆ ਹਾਂ, ਇਕੋ ਦਰਸਨ ਹੋ ਕਰੀਬ ਲੋਕਾਂ ਦੀ ਮੌਤ ਹਾਦਸਿਆਂ ਵਿਚ ਹੋਈ ਹੈ ਅਤੇ ਉਹ ਸਵਰਗ ਸਿਧਾਰ ਗਏ ਹਨ। ਭਲਾ ਇਸ ਤੋਂ ਵਧੀਆ ਸਵਰਗ ਮੈਂ ਤੁਹਾਨੂੰ ਕੀ ਦੇ ਸਕਦਾ ਹਾਂ? ਜੇਕਰ ਹੁਣ ਵੀ ਤੁਸੀ ਖ਼ੁਸ਼ ਨਹੀਂ ਤਾਂ ਕਦੇ ਵੀ ਖ਼ੁਸ਼ ਨਹੀਂ ਹੋ ਸਕਦੇ!" ਉਸ ਦੀਆਂ ਗੱਲਾਂ ਵਿਚ ਦਮ ਤਾਂ ਸੀ ਪਰ ਲੋਕ ਕਿਥੇ ਮੰਨਣ ਵਾਲੇ ਸਨ। ਉਨ੍ਹਾਂ ਨੇ ਝੱਟ ਸ਼ਰਾਬੀ ਐਮ.ਐਲ.ਏ., ਸ਼ਰਾਬੀ ਐਮ.ਐਲ.ਏ. ਦਾ ਰੌਲਾ ਪਾ ਦਿਤਾ ਪਰ ਸੜਕਾਂ ਦਾ ਪਰਨਾਲਾ ਉਥੇ ਦਾ ਉਥੇ ਹੀ ਹੈ।

ਕੀ ਹੋਇਆ ਜੇਕਰ ਸੜਕਾਂ ਟੁੱਟੀਆਂ ਹਨ? ਕੀ ਹੋਇਆ ਜੇਕਰ ਲੋਕਾਂ ਨੂੰ ਵਾਧਾਨਾਂ 'ਤੇ ਤਾਂ ਕੀ, ਟ੍ਰਕ ਕੋ ਵੀ ਇਧਰ-ਉਧਰ ਜਾਣਾ ਮੁਹਾਲ ਹੋਇਆ ਹੈ, ਅੱਖਾ ਤੇ ਅਸੀਰਵ ਹੋਇਆ ਹੈ? ਕੀ ਹੋਇਆ ਜੇਕਰ ਲੋਕ ਦੁਖੀ ਹਨ, ਮਰ ਰਹੇ ਹਨ? ਅਮੀਰਾਂ ਨੂੰ ਤਾਂ ਕੋਈ ਮੁਸ਼ਕਲ ਨਹੀਂ। ਅਮੀਰ ਤਾਂ ਗੱਡੀਆਂ ਵਿਚ ਹੀ ਲੁਕ ਕੇ ਲੰਘ ਜਾਂਦੇ ਹਨ। ਉਨ੍ਹਾਂ ਦੀਆਂ ਗੱਡੀਆਂ ਅੱਗੇ ਲੱਗੇ ਵਾਈਪਰ ਚਿੱਕੜ ਨੂੰ 'ਵਾਈਪ ਆਊਟ' ਕਰ ਦੇਂਦੇ ਹਨ ਤੇ ਆਸੇ ਪਾਸੇ ਲੱਗੇ ਚਿੱਕੜ ਨੂੰ ਨੱਕਰ ਦੇ ਦੇਂਦੇ ਹਨ ਅਤੇ ਪਾਸੇ ਵਾਲੇ ਸ਼ੀਸ਼ੇ ਰਿਪਾਰੀ ਸਾਫ਼ ਕਰ ਦੇਂਦੇ ਹਨ। ਜਦੋਂ ਗੱਡੀ ਕਿਸੇ ਥੰਤੀਆਂ ਵਾਲੇ ਚੌਕ 'ਤੇ ਰੁਕਦੀ ਹੈ ਤਾਂ ਇਸ ਦੇ ਟਾਇਰਾਂ ਨੂੰ ਗ਼ਰੀਬਾਂ ਦਾ ਖ਼ੂਨ ਧੋ ਦੇਂਦਾ ਹੈ।

ਅਜੇ ਵੀ ਜੇਕਰ ਤੁਸੀ ਹੱਕ ਮੰਗ ਰਹੇ ਹੋ, ਸੜਕਾਂ ਦੀ ਮੁਰੰਮਤ ਜਾਂ ਪੁਨਰ-ਨਿਰਮਾਣ ਦੀ ਗੱਲ ਕਰ ਰਹੇ ਹੋ ਤਾਂ ਤੁਸੀ ਸਰਾ ਸੋਚੋ, ਸੜਕਾਂ ਬਨਾਉਣੀਆਂ ਹਨ ਸੂਬੇ ਦੀ ਸਰਕਾਰ ਨੇ। ਕਿਉਂ ਬਣਾਉਣੀਆਂ ਹਨ? ਲੋਕਾਂ ਦੀ ਸਹੂਲਤ ਲਈ। ਲੋਕਾਂ ਨੂੰ ਕਿਉਂ ਸਹੂਲਤ ਦੇਣੀ ਹੈ? ਉਨ੍ਹਾਂ ਨੂੰ ਖ਼ੁਸ਼ ਕਰਨ ਲਈ। ਖ਼ੁਸ਼ ਕਿਉਂ ਕਰਨਾ ਹੈ? ਵੋਟਾਂ ਲੈਣ ਲਈ। ਵੋਟਾਂ ਕਦੋਂ ਪੈਣੀਆਂ ਹਨ? ਪੂਰੇ ਤਿੰਨ-ਚਾਰ ਸਾਲ ਬਾਅਦ। ਕਿਵੇਂ ਖ਼ੁਸ਼ ਹੁੰਦੇ ਹਨ? ਉਨ੍ਹਾਂ ਨੂੰ ਭਰੋਸੇ ਦੇਵੋ, ਲਿਸਾਮੇ ਦੇਵੋ, ਜਾਅਲੇ ਕਰੋ, ਵਾਅਦੇ ਕਰੋ। ਕਦੋਂ? ਇਹ ਪੁੱਛਣ ਦੀ ਲੋੜ ਨਹੀਂ। ਸ਼ਾਇਦ ਤੁਸੀ ਮੰਨੋ ਤੋਂ ਵੱਧ ਸਮਝਦਾਰ ਹੋ।

ਮੰਨਿਆ ਕਿ ਸੜਕਾਂ ਟੁੱਟੀਆਂ ਹੋਣ ਤਾਂ ਟਾਇਰ ਫੱਟ ਜਾਂਦੇ ਹਨ। ਗੱਡੀਆਂ ਦੀ ਹਾਲਤ ਵਿਗੜ ਜਾਂਦੀ ਹੈ, ਫਟ ਫਟ ਕਰਨ ਲੱਗ ਜਾਂਦੀਆਂ ਹਨ, ਕਬਾੜ ਹੋ ਜਾਂਦੀਆਂ ਹਨ। ਫਹੀ ਗੱਲ ਲੋਕਾਂ ਦੀ। ਉਨ੍ਹਾਂ ਦੇ ਨੱਕ-ਮੂੰਹ ਗਰਦ, ਮਿੱਟੀ ਅਤੇ ਚਿੱਕੜ ਨਾਲ ਭਰ ਜਾਂਦੇ ਹਨ, ਬੀਮਾਰ, ਰੋਗੀ ਹੋ ਜਾਂਦੇ ਹਨ। ਫਿਰ ਪੈਚਰ ਲਗਾਉਣ ਲਈ ਪੈਚਰ-ਇੰਟਰ ਕੋਲ, ਗੱਡੀ ਦੀ ਮੁਰੰਮਤ ਵਾਲੇ ਕੋਲ ਅਤੇ ਇਲਾਜ ਲਈ ਡਾਕਟਰ ਕੋਲ ਜਾਣਾ ਪੈਂਦਾ ਹੈ। ਹੁਣ ਸਰਕਾਰ ਨੇ ਤਾਂ ਸੱਭ ਦਾ ਸੋਚਣਾ ਹੈ। ਜੇਕਰ ਸਨਤਾ ਦੁਖੀ ਹੈ ਤਾਂ ਸਰਕਾਰ ਬੇਫੱਸ ਹੈ। ਦੱਸੋ ਭਲਾ, ਜੇਕਰ ਸੜਕਾਂ ਬਣ ਗਈਆਂ ਤਾਂ ਲੋਕ ਜ਼ਖ਼ਮੀ ਨਹੀਂ ਹੋਣਗੇ, ਬੀਮਾਰੀਆਂ ਨਹੀਂ ਫੈਲਣਗੀਆਂ, ਟਾਇਰ ਪੰਕਚਰ ਨਹੀਂ ਹੋਣਗੇ, ਨਾ ਹੀ ਨਵੀਆਂ ਗੱਡੀਆਂ ਦੀ ਵਿਰਕੀ ਹੋਵੇਗੀ ਤੇ ਕਬਾੜ ਕੀ ਘੱਟ ਜਾਵੇਗਾ। ਫਿਰ ਅਜਿਹੀ ਹਾਲਤ ਵਿਚ ਡਾਕਟਰਾਂ, ਕਬਾੜੀਆਂ, ਮਕੈਨਿਕਾਂ ਅਤੇ ਪੰਕਚਰ ਲਗਾਉਣ ਵਾਲਿਆਂ ਦਾ ਕੰਮ ਕਿਵੇਂ ਚੱਲੇਗਾ?

ਸਾਂਦੇ ਸਾਂਦੇ ਕਰਨ ਵਿਚ ਦੋ ਹੋਰ ਮੇਖਾਂ ਲਗਾ ਦਈਏ। ਸਰਕਾਰਾਂ ਵੱਡੇ ਆਦਮੀਆਂ ਦੀਆਂ ਹੁੰਦੀਆਂ ਹਨ। ਵੱਡੇ ਬੰਦਿਆਂ ਦੀਆਂ ਵੱਡੀਆਂ ਸੋਚਾਂ। ਜਿਵੇਂ ਉੱਚੀਆਂ ਹਵਾਵਾਂ ਉੱਚੇ ਪਰਸ਼ਤਾਂ 'ਤੇ ਚਲਦੀਆਂ ਹਨ, "ਹੋਣ ਬਜ਼ੁਰਗ ਸੁਰਸ ਨੂੰ ਸਲਾਮ, ਭੁਸਦੇ ਨੂੰ ਕੱਣ ਪੁਛਦੇ?" ਸਰਕਾਰ ਨੂੰ ਆਮ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਦੀ ਕੀ ਫ਼ਿਕਰ? ਉਸ ਨੂੰ ਤਾਂ ਵੱਡਾ ਸ਼ਹਿਰਾਂ ਦੇ ਵੱਡੇ ਲੋਕਾਂ ਦਾ ਫ਼ਿਕਰ ਹੈ। ਵੱਡੇ ਉਦਯੋਗਪਤੀਆਂ, ਵਪਾਰੀਆਂ ਦਾ ਫ਼ਿਕਰ ਹੈ। ਜੇਕਰ ਵੱਡੇ ਲੋਕਾਂ ਦੇ ਵੱਡੇ ਸ਼ਹਿਰਾਂ ਵਿਚ ਸੜਕ ਬਣੂ ਤਾਂ ਮਜ਼ਦੂਰੀ ਵੀ ਵੱਡੀ ਹੋਊ! ਮਾਹਰਤਾਂ-ਤਮਾਹਤਾਂ ਨੂੰ ਕੌਣ ਪੁੱਛਦੇ?

- ਪ੍ਰੋ. ਐਚ.ਐਸ. ਡਿੰਪਲ,
2919, ਪਿਲਕਨ ਸਟ੍ਰੀਟ, ਅਨਾਰਕਲੀ, ਬਾਜ਼ਾਰ, ਸਰਗਰੂੱਧੀ।

ਦਵਾਈਆਂ ਖ਼ਰੀਦਣ ਸਮੇਂ ਸਾਵਧਾਨੀਆਂ !

ਦਵਾਈਆਂ ਮਨੁੱਖੀ ਜੀਵਨ ਲਈ ਬੇਹੱਦ ਜ਼ਰੂਰੀ ਹਨ। ਨਿੱਤ ਦਿਨ ਬਦਲੀ ਆਬਾਦੀ, ਵਾਤਾਵਰਣ ਦੇ ਵਧਦੇ ਪ੍ਰਦੂਸ਼ਣ ਨੇ ਦਵਾਈਆਂ ਨੂੰ ਮਨੁੱਖੀ ਜੀਵਨ ਦਾ ਜ਼ਰੂਰੀ ਅੰਗ ਬਣਾ ਦਿਤਾ ਹੈ। ਬੇਸ਼ੜ ਤਾਂ ਦਵਾਈਆਂ ਨੂੰ ਕਈ ਵਰਤਾਂ ਵਿਚ ਵੰਡਿਆ ਜਾਂਦਾ ਹੈ। ਪਰ ਅੱਜ ਇਕਾਈ ਦਵਾਈ ਜੀਵਨ ਲਾਨ ਦੇਣ ਵਾਲੀ ਦਵਾਈ ਹੈ। ਅਰਗੇਜ਼ੀ ਦਵਾਈਆਂ ਦੀ ਕਹਾਣੀ ਬੜਾ ਲੰਬੀ ਹੈ। ਪਹਿਲਾਂ ਦਵਾਈਆਂ ਬਾਰੇ ਪੰਜ ਕਰਨੀ, ਫਿਰ ਉਨ੍ਹਾਂ ਨੂੰ